BRITISH COLUMBIA HealthLinkBC

Punjabi – Number 23b
July 2016

# ਮੇਨਿੰਨਜੋਕੋਕਲ ਕੁਆਡ੍ਰੀਵੇਲੈਂਟ ਵੈਕਸੀਨ
# Meningococcal Quadrivalent Vaccines

ਬੀਮਾਰੀਆਂ ਤੋਂ ਬਚਾਉਣ ਲਈ ਟੀਕਾਕਰਣ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਸਿਹਤ ਸੰਬੰਧੀ ਕਿਸੇ ਵੀ ਹੋਰ ਜਤਨ ਨਾਲੋਂ ਜਿਆਦਾ ਜਾਨਾਂ ਬਚਾਈਆਂ ਹਨ।

## ਮੇਨਿੰਨਜੋਕੋਕਲ ਕੁਆਡ੍ਰੀਵੇਲੈਂਟ ਵੈਕਸੀਨ ਕੀ ਹੈ?

ਮੇਨਿੰਨਜੋਕੋਕਲ ਕੁਆਡ੍ਰੀਵੇਲੈਂਟ ਵੈਕਸੀਨ ਮੇਨਿੰਨਜੋਕੋਕਲ ਜੀਵਾਣੂਆਂ ਦੀਆਂ 4 ਕਿਸਮਾਂ ਦੇ ਵਿਰੁੱਧ ਰੱਖਿਆ ਕਰਦੀਆਂ ਹਨ: ਕਿਸਮਾਂ ਏ, ਸੀ, ਵਾਈ, ਅਤੇ ਡਬਲਿਓ-135।ਵੈਕਸੀਨਾਂ ਜਾਂ ਪੌਲੀਸੈਕਰਾਈਡ ਜਾਂ ਕੌਨਜੁਗੇਟ ਵੈਕਸੀਨਾਂ ਹਨ।ਭਾਵੇਂ ਦੋਨੋਂ ਵੈਕਸੀਨਾਂ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹਨ, ਬੀ.ਸੀ. ਵਿੱਚ ਕੌਨਜੁਗੇਟ ਵੈਕਸੀਨਾਂ ਵਰਤੀਆਂ ਜਾਂਦੀਆਂ ਹਨ ਕਿਉਂਕਿ ਉਹ ਬਿਮਾਰੀ ਦੇ ਖਿਲਾਫ ਚਿਰਸਥਾਈ ਸੁਰੱਖਿਆ ਪ੍ਰਦਾਨ ਕਰਦੀਆਂ ਹਨ।

## ਮੇਨਿੰਨਜੋਕੋਕਲ ਕੁਆਡ੍ਰੀਵੇਲੈਂਟ ਵੈਕਸੀਨ ਕਿਸ ਨੂੰ ਦਿੱਤੀ ਜਾਣੀ ਚਾਹੀਦੀ ਹੈ?

ਗਰੇਡ 9 ਦੇ ਬੱਚਿਆਂ ਨੂੰ ਇਹ ਵੈਕਸੀਨ ਮੁਫ਼ਤ ਦਿੱਤੀ ਜਾਂਦੀ ਾ ਹੈ।

ਮੈਨਿੰਨਜੋਕੋਕਲ ਦੀ ਬੀਮਾਰੀ ਦੇ ਉੱਚੇ ਖਤਰੇ ਵਾਲੇ ਬੱਚਿਆਂ ਅਤੇ ਬਾਲਗਾਂ ਨੂੰ ਇਹ ਵੈਕਸੀਨ ਮੁਫ਼ਤ ਦਿੱਤੀ ਜਾਂਦੀ ਹੈ, ਜਿਹਨਾਂ ਵਿੱਚ ਉਹ ਵੀ ਸ਼ਾਮਲ ਹਨ, ਜਿਹਨਾ ੂੰ:

- ਦੀ ਤਿਲੀ ਨਹੀਂ ਹੈ ਾ, ਜਾਂ ਅਜਿਹੀ ਤਿਲੀ ਹੈ ਜੋ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੀ; ਜਾਂ;
- ਨੂੰ ਸਰੀਰ ਨੂੰ ਬੀਮਾਰੀ ਤੋਂ ਸੁਰੱਖਿਅਤ ਰੱਖਣ ਵਾਲੀ ਪ੍ਰਣਾਲੀ ਦੀਆਂ ਬੀਮਾਰੀਆਂ ਜਿਸ ਵਿੱਚ ਸ਼ਾਮਲ ਹਨ ਕੌਮਪਲੀਮੈਂਟ (complement), ਪ੍ਰੌਪੇਰਡਿੰਨ (properdin),ਅਤੇ ਫੈਕਟਰ ਡੀ ਡੇਫੀਸ਼ੈਂਸੀਆਂ ਜਾਂ ਪ੍ਰਾਇਮਰੀ ਐਂਟੀਬੌਡੀ ਡੇਫੀਸ਼ੈਂਸੀ;
- ਦਾ ਇਸਲੈਟ ਸੈੱਲ ਜਾਂ ਠੋਸ ਅੰਗ ਪ੍ਰਤੀਰੋਪਣ ਹੋਇਆ ਹੈ, ਜਾਂ ਉਹ ਜੋ ਉਸਦੀ ਉਡੀਕ ਕਰ ਰਹੇ ਹਨ;
- ਦਾ ਸਟੈਮ ਸੈੱਲ ਪ੍ਰਤੀਰੋਪਣ ਹੋਇਆ ਹੈ;
- ਦਾ ਮੇਨਿੰਨਜੋਕੋਕਲ ਏ, ਸੀ, ਵਾਈ ਅਤੇ ਡਬਲਿਊ -135 ਦੀ ਬਿਮਾਰੀ ਨਾਲ ਗ੍ਰਸਤ ਵਿਅਕਤੀ ਨਾਲ ਨਜ਼ਦੀਕੀ ਸੰਪਰਕ ਰਿਹਾ ਹੈ , ਜਾਂ ਉਹ ਜੋ ਜਨਤਕ ਸਿਹਤ ਦੁਆਰਾ ਨਿਸ਼ਚਿਤ ਕੀਤੇ ਗਏ ਹਨ ਕਿ ਜੋ ਬੀਸੀ ਵਿੱਚ ਬਿਮਾਰੀ ਦੇ ਫੈਲਣ ਦੌਰਾਨ ਇਸ ਲਾਗ ਦੇ ਖਤਰੇ ਤੇ ਰਹੇ ਹਨ।

ਹੇਠਾਂ ਦਿੱਤੇ ਲੋਕਾਂ ਲਈ ਵੀ ਵੈਕਸੀਨ ਦੀ ਸਿਫਾਰਸ਼ ਕੀਤੀ ਜਾਂਦੀ ਹੈ, ਪਰ ਉਹ ਮੁਫਤ ਮੁਹਈਆ ਨਹੀਂ ਕਰਵਾਈ ਜਾਂਦੀ:

- ਨੇਮਕ ਤੌਰ ਨਾਲ ਮੇਨਿੰਨਜੋਕੋਕਲ ਜੀਵਾਣੂਆਂ ਦੇ ਸੰਪਰਕ ਵਿੱਚ ਆਉਣ ਵਾਲੇ ਪ੍ਰਯੋਗਸ਼ਾਲਾ ਕਰਮਚਾਰੀ;
- ਸੈਨਾ ਅਮਲਾ; ਅਤੇ
- ਅਜਿਹੇ ਖੇਤਰ ਤਕ ਸਫਰ ਕਰਨ ਵਾਲੇ ਜਾਂ ਰਹਿ ਰਹੇ ਲੋਕ ਜਿਥੇ ਮੇਨਿੰਨਜੋਕੋਕਲ ਬੀਮਾਰੀ ਦਾ ਉਚਾ ਖਤਰਾ ਹੈ।

ਉਚੇ ਖਤਰੇ ਵਾਲੇ ਸਫਰ ਖੇਤਰਾਂ ਦੇ ਬਾਰੇ ਜਾਣਕਾਰੀ ਲਈ ਇਕ ਟਰੈਵਲ ਕਲੀਨਿਕ ਨਾਲ ਸੰਪਰਕ ਕਰੋ।

ਆਮ ਤੌਰ ਤੇ ਇਹ ਵੈਕਸੀਨ 1 ਖ਼ੁਰਾਕ ਵਿੱਚ ਦਿੱਤੀ ਜਾਂਦੀ ਹੈ। ਕਈ ਵਾਰ, ਦੂਜੀ ਖੁਰਾਕ ਦੀ ਲੋੜ ਹੋ ਸਕਦੀ ਹੈ। ਇਹ ਪਤਾ ਕਰਨ ਲਈ ਕਿ ਕੀ ਤੁਹਾਨੂੰ ਵਾਧੂ ਖ਼ੁਰਾਕ ਦੀ ਲੋੜ ਹੈ ਅਤੇ ਤੁਹਾਨੂੰ ਉਹ ਕਦੋਂ ਪ੍ਰਾਪਤ ਕਰਨੀ ਚਾਹੀਦੀ ਹੈ, ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

ਜਿਹੜੇ ਲੋਕ ਇਹ ਵੈਕਸੀਨ ਮੁਫਤ ਪ੍ਰਾਪਤ ਕਰਨ ਦੇ ਯੋਗ ਨਹੀਂ ਹਨ, ਪਰ ਮੇਨਿੰਨਜੋਕੋਕਲ ਏ, ਸੀ, ਵਾਈ ਅਤੇ ਡਬਲਿਊ -135 ਬਿਮਾਰੀ ਦੀਆਂ ਕਿਸਮਾਂ ਤੋਂ ਸੁਰੱਖਿਅਤ ਰਹਿਣਾ ਚਾਹੁੰਦੇ ਹਨ, ਉਹ ਕੁਆਡ੍ਰੀਵੇਲੈਂਟ ਵੈਕਸੀਨ ਟ੍ਰੈਵਲ ਕਲਿਨਿਕਾਂ ਅਤੇ ਫਾਰਮੇਸੀਆਂ ਤੋਂ ਖਰੀਦ ਸਕਦੇ ਹਨ।

ਬੀਮਾਰੀਆਂ ਤੋਂ ਬਚਾਉਣ ਲਈ ਲਗਾਏ ਗਏ ਸਾਰੇ ਟੀਕਿਆਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

## ਵੈਕਸੀਨ ਦੇ ਕੀ ਲਾਭ ਹਨ?

ਮੇਨਿੰਨਜੋਕੋਕਲ ਵਿਗਾੜ ਦੇ ਵਿਰੁੱਧ ਰੱਖਿਆ ਕਰਨ ਵਾਲੀ ਵੈਕਸੀਨਤੁਹਾਡੇ ਬੱਚੇ ਦੀ ਇਸ ਗੰਭੀਰ ਅਤੇ ਕਈ ਵਾਰੀ ਜਾਨਲੇਵਾ ਬਿਮਾਰੀ ਦੇ ਵਿਰੁੱਧ ਰੱਖਿਆ ਕਰਨ ਦਾ ਸਭ ਤੋਂ ਚੰਗਾ ਢੰਗ ਹੈ।

ਜਦੋਂ ਤੁਸੀਂ ਬੀਮਾਰੀਆਂ ਤੋਂ ਬਚਾਉਣ ਲਈ ਟੀਕੇ ਲਗਵਾਉਂਦੇ ਹੋ, ਤਾਂ ਤੁਸੀਂ ਦੂਜਿਆਂ ਦੀ ਰੱਖਿਆ ਕਰਨ ਵਿੱਚ ਵੀ ਮਦਦ ਕਰਦੇ ਹੋ।

## ਵੈਕਸੀਨ ਦੇ ਬਾਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹੁੰਦੀਆਂ ਹਨ।ਵੈਕਸੀਨ ਲਗਵਾਉਣਾ ਮੇਨਿੰਨਜੋਕੋਕਲ ਬੀਮਾਰੀ ਦਾ ਸ਼ਿਕਾਰ ਹੋਣ ਤੋਂ ਜਿਆਦਾ ਸੁਰੱਖਿਅਤ ਹੈ।

ਵੈਕਸੀਨ ਦੀਆਂ ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਦਿੱਤੇ ਜਾਣ ਵਾਲੀ ਥਾਂ ਤੇ ਜਲਨ, ਲਾਲੀ, ਅਤੇ ਸੋਜ ਸ਼ਾਮਲ ਹੋ ਸਕਦੇ ਹਨ।ਵੈਕਸੀਨ ਪ੍ਰਾਪਤ ਕਰਨਾਂ ਦੇ ਬਾਦ ਸਿਰਦਰਦ, ਮਾਸਪੇਸ਼ੀਆਂ ਵਿੱਚ ਦਰਦ, ਕੰਬਣੀਆਂ, ਬੁਖਾਰ, ਅਤੇ ਮਤਲੀ, ਵੀ ਹੋ ਸਕਦੇ ਹਨ।ਇਹ ਪ੍ਰਤੀਕ੍ਰਿਆਵਾਂ ਹਲਕੀਆਂ ਹੁੰਦੀਆਂ ਹਨ ਅਤੇ ਆਮਤੌਰ ਤੇ 1 ਤੋਂ 2 ਦਿਨ ਤੱਕ ਰਹਿੰਦੀਆਂ ਹਨ।

ਅਸੀਟਾਮੇਨੋਫੇਨ (Acetaminophen) (ਉਦਹਾਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ।ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

* 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕੀਤੇ ਬਿਨਾਂ ਆਈਬਿਊਪ੍ਰੋਫੇਨ ਨਹੀਂ ਦਿੱਤੀ ਜਾਣੀ ਚਾਹੀਦੀ।

ਰਾਈ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ HealthLinkBC File #84 ਰਾਈ ਸਿੰਡਰੋਮ ਦੇਖੋ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜਰੂਰੀ ਹੈ ਕਿਉਂਕਿ ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ, ਇੱਕ ਮਿਲੀਅਨ ਵਿੱਚੋਂ 1 ਤੋਂ ਵੀ ਘੱਟ, ਸੰਭਾਵਨਾ ਹੋ ਸਕਦੀ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇ ਅਜਿਹੀ ਪ੍ਰਤੀਕਿਰਿਆ ਹੁੰਦੀ ਹੈ ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਦਾ ਇਲਾਜ ਕਰਨ ਲਈ ਤਿਆਰ ਹੈ।ਐਮਰਜੈਂਸੀ ਇਲਾਜ ਵਿੱਚ ਸ਼ਾਮਲ ਹੈ ਐਪੀਨੈਫਰਿੰਨ (ਐਡਰੇਨੇਲਿੰਨ) ਦੇਣਾ ਅਤੇ ਐਂਬੁਲੈਂਸ ਰਾਹੀਂ ਸਭ ਤੋਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟਰਾਂਸਫਰ। ਜੇ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਵਿਕਸਤ ਹੁੰਦੇ ਹਨ, ਤਾਂ **9-1-1** ਜਾਂ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਸਾਰੀਆਂ ਗੰਭੀਰ ਜਾਂ ਅਣਿਆਈ ਪ੍ਰਤੀਕ੍ਰਿਆਵਾਂ ਬਾਰੇ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨੂੰ ਹਮੇਸ਼ਾ ਦਸਣਾ ਮਹੱਤਵਪੂਰਨ ਹੈ।

## ਵੈਕਸੀਨ ਕਿਸ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ ?

ਜੇ ਤੁਹਾਨੂੰ ਪਹਿਲਾਂ ਲਈ ਗਈ ਮੇਨਿੰਨਜੋਕੋਕਲ ਵੈਕਸੀਨ ਦੀ ਖੁਰਾਕ, ਜਾਂ ਵੈਕਸੀਨ ਦੇ ਕਿਸੇ ਵੀ ਅੰਸ਼ ਜਾਂ ਲੇਟੈਕਸ ਪ੍ਰਤੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਹੋਈ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

ਜ਼ੁਕਾਮ ਜਾਂ ਕਿਸੇ ਹੋਰ ਹਲਕੀ ਬੀਮਾਰੀ ਕਰਕੇ ਬੀਮਾਰੀਆਂ ਤੋਂ ਬਚਾਉਣ ਵਾਲੇ ਟੀਕੇ ਲਗਵਾਉਣ ਨੂੰ ਟਾਲਣ ਦੀ ਲੋੜ ਨਹੀਂ ਹੈ। ਪਰ, ਜੇ ਤੁਹਾਡੀਆਂ ਕੁਝ ਚਿੰਤਾਵਾਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਮੇਨਿੰਨਜੋਕੋਕਲ ਵਿਗਾੜ ਕੀ ਹੈ?

ਮੇਨਿੰਨਜੋਕੋਕਲ ਵਿਗਾੜ ਰੋਗਾਣੂਆਂ ਜਾਂ ਵਿਸ਼ਾਣੂਆਂ ਦੇ ਕਾਰਨ ਹੁੰਦਾ ਹੈ। ਕਿਸਮ ਏ, ਸੀ, ਵਾਈ ਅਤੇ ਡਬਲਿਊ -135 ਕਰਕੇ ਹੋਣ ਵਾਲੀ ਮੇਨਿੰਨਜੋਕੋਕਲ ਵਿਗਾੜ ਬੀ ਸੀ ਵਿਚ ਬਹੁਤ ਹੀ ਘੱਟ ਹੁੰਦੀ ਹੈ। 2009 ਤੋਂ ਪ੍ਰਤੀ ਸਾਲ ਇਸਦੇ 10 ਤੋਂ ਘੱਟ ਕੇਸ ਹੋਏ ਹਨ। ਹਾਲਾਂਕਿ ਵਿਰਲੇ ਹੀ, ਇਹ ਮੈਨਿੰਨਜਾਈਟਸ ਜੋ ਕਿ ਦਿਮਾਗ ਨੂੰ ਢੱਕਣ ਵਾਲੀ ਪਰਤ ਦਾ ਵਿਗਾੜ ਅਤੇ ਸੈਪਟੀਸੀਮੀਆ- ਜੋ ਖੂਨ ਦਾ ਵਿਗਾੜ ਹੈ, ਸਮੇਤ ਗੰਭੀਰ ਅਤੇ ਜਾਨ ਨੂੰ ਖਤਰੇ ਵਿੱਚ ਪਾਉਣ ਵਾਲੀਆਂ ਬੀਮਾਰੀਆਂ ਦਾ ਕਾਰਨ ਬਣ ਸਕਦਾ ਹੈ। ਬੀਮਾਰ ਹੋਣ ਵਾਲੇ ਹਰ 100 ਲੋਕਾਂ ਵਿਚੋਂ ਲਗਭਗ 15 ਦੀ ਮੌਤ ਹੋਏਗੀ, ਭਾਵੇਂ ਉਹਨਾਂ ਨੂੰ ਇਲਾਜ ਪ੍ਰਾਪਤ ਹੋਵੇ। ਵਿਗਾੜ ਦੀਆਂ ਸਥਾਈ ਜਟਿਲਤਾਵਾਂ ਵਿੱਚ ਸ਼ਾਮਲ ਹਨ ਦਿਮਾਗੀ ਨੁਕਸਾਨ, ਬਹਿਰਾਪਨ ਅਤੇ ਅੰਗਾਂ ਦਾ ਨੁਕਸਾਨ।

ਮੇਨਿੰਨਜੋਕੋਕਲ ਵਿਗਾੜ ਖੰਘਣ, ਛਿੱਕਣ ਜਾਂ ਨਿਕਟੀ ਆਮ੍ਹੋ ਸਾਮ੍ਹਣੇ ਦੇ ਸੰਪਰਕ ਨਾਲ ਇੱਕ ਵਿਅਕਤੀ ਤੋਂ ਦੂਜੇ ਤੱਕ ਫੈਲਦਾ ਹੈ। ਇਹ ਥੁੱਕ ਰਾਹੀਂ ਵੀ ਫੈਲ ਸਕਦਾ ਹੈ। ਵੱਡੇ ਬੱਚੇ ਅਤੇ ਬਾਲਗ ਚੁੰਮਣ ਵਰਗੀਆਂ ਗਤੀਵਿਧੀਆਂ, ਜਾਂ ਖਾਣਾ, ਪੇਯ, ਸਿਗਰਟਾਂ, ਲਿਪਸਟਿਕਾਂ, ਪਾਣੀ ਦੀਆਂ ਬੋਤਲਾਂ, ਖੇਡਾਂ ਲਈ ਵਰਤੇ ਜਾਣ ਵਾਲੇ ਮਾਉਥ ਗਾਰਡ ਜਾਂ ਸੰਗੀਤ ਦੇ ਸਾਜ਼ਾਂ ਦੇ ਮੂੰਹ ਵਾਲੇ ਹਿੱਸਿਆਂ ਨੂੰ ਸਾਂਝਾ ਕਰਨ ਰਾਹੀਂ ਬੀਮਾਰ ਹੋ ਸਕਦੇ ਹਨ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਣ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ।19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ।ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ ਦੇਖੋ।

ਇਮਿਊਨਾਈਜ਼ੇਸ਼ਨ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਇਮਿਊਨਾਈਜ਼ ਬੀ.ਸੀ. ਦੀ ਇਹ ਵੈੱਬਸਾਈਟ https://immunizebc.ca/. ਦੇਖੋ।

British Columbia | ImmunizeBC

BC Centre for Disease Control
An agency of the Provincial Health Services Authority